<u>KPU **ਵਿਖੇ ਅਕਾਦਮਿਕ ਅਖੰਡਤਾ, ਕਲਾ ਫੈਕਲਟੀ**</u>

## ਜੇਕਰ ਤੁਹਾਡੀ ਆਰਟਸ ਫੈਕਲਟੀ ਵਿੱਚ ਕਥਿਤ ਅਕਾਦਮਿਕ ਅਖੰਡਤਾ ਦੀ ਉਲੰਘਣਾ ਲਈ ਰਿਪੋਰਟ ਕੀਤੀ ਜਾਂਦੀ ਹੈ ਤਾਂ ਕੀ ਹੁੰਦਾ ਹੈ?

1. **ਸੂਚਨਾ**

ਜੇਕਰ ਤੁਹਾਡੀ ਕਿਸੇ ਕੋਰਸ ਲਈ ਕਥਿਤ ਅਕਾਦਮਿਕ ਅਖੰਡਤਾ ਦੀ ਉਲੰਘਣਾ ਲਈ ਰਿਪੋਰਟ ਕੀਤੀ ਗਈ ਹੈ ਜੋ ਕਿ KPU ਦੀ ਆਰਟਸ ਫੈਕਲਟੀ ਵਿੱਚ ਹੈ, ਤਾਂ ਤੁਹਾਨੂੰ "SPO no reply" ਤੋਂ ਇੱਕ ਈਮੇਲ ਸੂਚਨਾ ਪ੍ਰਾਪਤ ਹੋਵੇਗੀ ਜਿਸਦਾ ਵਿਸ਼ਾ "Alleged Integrity Breach Reported" ਹੋਵੇਗਾ। ਸੂਚਨਾ ਵਿੱਚ ਜਾਣਕਾਰੀ ਸ਼ਾਮਲ ਹੋਵੇਗੀ ਜਿਵੇਂ ਕਿ ਰਿਪੋਰਟ ਕਿਸ ਕੋਰਸ ਨਾਲ ਸੰਬੰਧਿਤ ਹੈ, ਘਟਨਾ ਵਾਪਰਨ ਦੀ ਮਿਤੀ, ਕਥਿਤ ਉਲੰਘਣਾ ਦੀ ਕਿਸਮ, ਅਤੇ ਨਾਲ ਹੀ ਕਥਿਤ ਉਲੰਘਣਾ ਦੇ ਨਾਲ ਜੁੜੇ ਹਾਲਾਤ।

ਸੂਚਨਾ ਈਮੇਲ ਇਹ ਵੀ ਦੱਸਦੀ ਹੈ ਕਿ ਕੀ ਤੁਸੀਂ ਮੰਨਦੇ ਹੋ ਅਤੇ ਪਛਾਣਦੇ ਹੋ ਕਿ ਤੁਸੀਂ ਇਸ ਅਕਾਦਮਿਕ ਅਖੰਡਤਾ ਦੀ ਉਲੰਘਣਾ ਕੀਤੀ ਹੈ, ਅਤੇ ਨਤੀਜੇ ਨੂੰ ਚੁਣੌਤੀ ਨਹੀਂ ਦੇਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਸਮੇਂ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ। ਤੁਹਾਡੇ ਇੰਸਟ੍ਰਕਟਰ ਦੁਆਰਾ ਤੁਹਾਡੇ ਅਸਾਈਨਮੈਂਟ 'ਤੇ ਜੁਰਮਾਨਾ ਲਗਾਇਆ ਜਾਵੇਗਾ ਅਤੇ ਅਸੀਂ ਆਪਣੇ ਰਿਕਾਰਡਾਂ ਵਿੱਚ ਉਲੰਘਣਾ ਨੂੰ ਨੋਟ ਕਰਾਂਗੇ। ਅਸੀਂ ਤੁਹਾਨੂੰ ਅਕਾਦਮਿਕ ਅਖੰਡਤਾ ਟਿਊਟੋਰਿਅਲ ਦੇ ਨਾਲ ਸਹੀ ਰਸਤੇ 'ਤੇ ਵਾਪਸ ਆਉਣ ਲਈ ਕੁਝ ਸੁਝਾਏ ਗਏ ਸਰੋਤ ਵੀ ਭੇਜਾਂਗੇ।

***ਜੇਕਰ ਤੁਸੀਂ ਇਲਜ਼ਾਮ 'ਤੇ ਚਰਚਾ ਕਰਨਾ, ਇਸ 'ਤੇ ਵਿਵਾਦ ਕਰਨਾ, ਇਸ ਤੋਂ ਇਨਕਾਰ ਕਰਨਾ ਜਾਂ ਇਸਦਾ ਵਿਰੋਧ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਸੁਨੇਹਾ ਪ੍ਰਸਾਰਿਤ ਕੀਤੇ ਜਾਣ ਤੋਂ 10 ਕਾਰੋਬਾਰੀ ਦਿਨਾਂ ਦੇ ਅੰਦਰ ਡੀਨ ਦੇ ਦਫ਼ਤਰ ਨਾਲ ਅਪਾਇੰਟਮੈਂਟ ਦਾ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਤੁਹਾਡੇ ਮਾਮਲੇ 'ਤੇ ਫੈਸਲਾ ਕੀਤਾ ਜਾ ਸਕੇ। ਜੇ ਤੁਸੀਂ ਮੀਟਿੰਗ ਨਿਯਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਅਗਲੇ 10 ਕਾਰੋਬਾਰੀ ਦਿਨਾਂ ਦੇ ਅੰਦਰ arts@kpu.ca 'ਤੇ ਸੰਪਰਕ ਕਰੋ।**

ਸੰਬੰਧਿਤ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ (ਉਦਾਹਰਨ ਲਈ, ਅਸਾਈਨਮੈਂਟ ਹੈਂਡਆਉਟ ਜਾਂ ਤੁਹਾਡਾ ਕੰਮ) ਬੇਨਤੀ ਕਰਨ 'ਤੇ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

2. **ਮੀਟਿੰਗ**

ਜੇਕਰ ਤੁਸੀਂ ਰਿਪੋਰਟ ਦੀ ਸੂਚਨਾ ਪ੍ਰਾਪਤ ਹੋਣ ਦੇ 10 ਕਾਰੋਬਾਰੀ ਦਿਨਾਂ ਦੇ ਅੰਦਰ arts@kpu.ca 'ਤੇ ਸੰਪਰਕ ਨਹੀਂ ਕਰਦੇ, ਤਾਂ ਜਾਂਚ ਤੁਹਾਡੀ ਭਾਗੀਦਾਰੀ ਤੋਂ ਬਿਨਾਂ ਅੱਗੇ ਵਧੇਗੀ।

ਜੇਕਰ ਤੁਸੀਂ ਇੱਕ ਮੀਟਿੰਗ ਲਈ ਬੇਨਤੀ ਕਰਦੇ ਹੋ, ਤਾਂ ਤੁਹਾਡੇ ਅਤੇ ਇੱਕ ਐਸੋਸੀਏਟ ਡੀਨ ਜਾਂ ਮਨੋਨੀਤ ਵਿਅਕਤੀ ਦੇ ਨਾਲ ਅਪਾਇੰਟਮੈਂਟ ਨਿਯਤ ਕੀਤੀ ਜਾਵੇਗੀ। ਮੀਟਿੰਗ ਦੌਰਾਨ, ਤੁਹਾਨੂੰ ਸਥਿਤੀ 'ਤੇ ਚਰਚਾ ਕਰਨ ਅਤੇ ਸਵਾਲ ਪੁੱਛਣ ਦਾ ਮੌਕਾ ਮਿਲੇਗਾ। ਐਸੋਸੀਏਟ ਡੀਨ ਜਾਂ ਮਨੋਨੀਤ ਵਿਅਕਤੀ ਕੁਝ ਸਰੋਤਾਂ ਦਾ ਸੁਝਾਅ ਵੀ ਦੇ ਸਕਦੇ ਹਨ ਜੋ ਤੁਹਾਡੇ ਲਈ ਮਦਦਗਾਰ ਹੋ ਸਕਦੇ ਹਨ।

3. **ਫੈਸਲਾ**

   ਐਸੋਸੀਏਟ ਡੀਨ ਰਿਪੋਰਟ ਦੀ ਸਮੀਖਿਆ ਕਰੇਗਾ, ਮੀਟਿੰਗ ਵਿੱਚ ਚਰਚਾ ਕੀਤੀ ਗਈ ਕਿਸੇ ਵੀ ਵਾਧੂ ਜਾਣਕਾਰੀ 'ਤੇ ਵਿਚਾਰ ਕਰੇਗਾ, ਅਤੇ ਫੈਸਲਾ ਕਰੇਗਾ ਕਿ ਕੀ ਕੋਈ ਅਕਾਦਮਿਕ ਅਖੰਡਤਾ ਦੀ ਉਲੰਘਣਾ ਹੋਈ ਹੈ। ਜੇਕਰ ਉਹ ਫੈਸਲਾ ਕਰਦੇ ਹਨ ਕਿ ਕੋਈ ਉਲੰਘਣਾ ਹੋਈ ਹੈ, ਤਾਂ ਉਹ ਇਸ ਬਾਰੇ ਵੀ ਫੈਸਲਾ ਕਰਨਗੇ ਕਿ ਉਲੰਘਣਾ ਦੇ ਕੀ ਨਤੀਜੇ ਹੋਣਗੇ। ਆਮ ਤੌਰ 'ਤੇ, ਜੇਕਰ ਇਹ ਪਹਿਲੀ ਵਾਰ ਹੈ ਜਦੋਂ ਵਿਦਿਆਰਥੀ ਦੀ ਅਕਾਦਮਿਕ ਅਖੰਡਤਾ ਦੀ ਉਲੰਘਣਾ ਲਈ ਰਿਪੋਰਟ ਕੀਤੀ ਗਈ ਹੈ, ਤਾਂ ਹੱਲ ਅਸਾਈਨਮੈਂਟ 'ਤੇ ਜ਼ੀਰੋ ਦਾ ਸਕੋਰ ਹੋਵੇਗਾ। ਜੇਕਰ ਇਹ ਵਿਦਿਆਰਥੀ ਦੀ ਦੂਜੀ ਰਿਪੋਰਟ ਕੀਤੀ ਗਈ ਉਲੰਘਣਾ ਹੈ, ਤਾਂ ਆਮ ਹੱਲ ਕੋਰਸ ਵਿੱਚ ਗ੍ਰੇਡ ਵਿੱਚੋਂ ਫੇਲ ਹੋਣਾ ਹੈ। ਜੇਕਰ ਇਹ ਵਿਦਿਆਰਥੀ ਦੀ ਤੀਜੀ ਉਲੰਘਣਾ ਹੈ, ਤਾਂ ਯੂਨੀਵਰਸਿਟੀ ਤੋਂ ਮੁਅੱਤਲੀ ਦੀ ਸਿਫ਼ਾਰਿਸ਼ ਕੀਤੀ ਜਾ ਸਕਦੀ ਹੈ।

   ਇੱਕ ਵਾਰ ਫੈਸਲਾ ਲੈਣ ਤੋਂ ਬਾਅਦ, ਤੁਹਾਨੂੰ arts@kpu.ca ਤੋਂ ਇੱਕ ਈਮੇਲ ਪ੍ਰਾਪਤ ਹੋਵੇਗੀ ਜਿਸ ਵਿੱਚ ਫੈਸਲੇ ਅਤੇ ਹੱਲ(ਹੱਲਾਂ) ਦੀ ਵਿਆਖਿਆ ਕੀਤੀ ਜਾਵੇਗੀ। ਪੱਤਰ ਵਿੱਚ ਤੁਹਾਡੀ ਪੜ੍ਹਾਈ ਵਿੱਚ ਤੁਹਾਡੀ ਮਦਦ ਕਰਨ ਅਤੇ ਹੋਰ ਉਲੰਘਣਾਵਾਂ ਨੂੰ ਰੋਕਣ ਲਈ ਉਪਲਬਧ ਸਰੋਤਾਂ ਬਾਰੇ ਕੁਝ ਜਾਣਕਾਰੀ ਵੀ ਸ਼ਾਮਲ ਹੋਵੇਗੀ।

   ਜੇਕਰ ਫੈਸਲਾ ਪੁਸ਼ਟੀ ਕਰਦਾ ਹੈ ਕਿ ਉਲੰਘਣਾ ਹੋਈ ਹੈ, ਤਾਂ ਇਸ ਉਲੰਘਣਾ ਦਾ ਰਿਕਾਰਡ ਰਜਿਸਟਰਾਰ ਦੇ ਦਫ਼ਤਰ ਵਿੱਚ ਰੱਖਿਆ ਜਾਵੇਗਾ, ਪਰ ਇਹ ਤੁਹਾਡੀ ਅਧਿਕਾਰਤ KPU ਟ੍ਰਾਂਸਕ੍ਰਿਪਟ 'ਤੇ ਦਿਖਾਈ ਨਹੀਂ ਦੇਵੇਗਾ।

   ਨੀਤੀ ST2 (ਹਾਈਪਰਲਿੰਕ) ਦੇ ਅਨੁਸਾਰ, ਤੁਹਾਡੇ ਕੋਲ ਇਸ ਫੈਸਲੇ 'ਤੇ ਅਪੀਲ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਇਸ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ, ਤੁਹਾਨੂੰ ਰਜਿਸਟਰਾਰ ਦੇ ਦਫ਼ਤਰ ਨੂੰ ਇੱਕ ਅਪੀਲ ਫਾਰਮ (ਹਾਈਪਰਲਿੰਕ) ਜਮ੍ਹਾਂ ਕਰਾਉਣਾ ਚਾਹੀਦਾ ਹੈ।

### **ਅਕਾਦਮਿਕ ਅਖੰਡਤਾ ਕੀ ਹੁੰਦੀ ਹੈ**?

KPU ਦੀ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ ਕਿ ਅਕਾਦਮਿਕ ਕੰਮ ਅਖੰਡਤਾ ਦੇ ਉੱਚ ਪੱਧਰੀ ਮਿਆਰਾਂ ਨਾਲ ਕੀਤਾ ਜਾਏ। ਇਸਦਾ ਮਤਲਬ ਹੈ ਕਿ ਇੱਕ ਵਿਦਿਆਰਥੀ ਦੇ ਅਕਾਦਮਿਕ ਕੰਮ ਨੂੰ ਉਹਨਾਂ ਦੇ ਆਪਣੇ ਗਿਆਨ ਅਤੇ ਹੁਨਰਾਂ ਨੂੰ ਪ੍ਰਤੀਬਿੰਬਤ ਕਰਨਾ ਅਤੇ ਦਰਸਾਉਣਾ ਚਾਹੀਦਾ ਹੈ। ਅਕਾਦਮਿਕ ਅਖੰਡਤਾ ਬਾਰੇ KPU ਦੀ ਨੀਤੀ, ਨੀਤੀ ST2 (ਹਾਈਪਰਲਿੰਕ) ਹੈ।

ਅਖੰਡਤਾ ਦੀਆਂ ਉਲੰਘਣਾਵਾਂ ਦੀਆਂ ਉਦਾਹਰਨਾਂ ਕੀ ਹਨ?

- **ਧੋਖਾਧੜੀ** - ਕਿਸੇ ਇਮਤਿਹਾਨ ਦੌਰਾਨ ਕਿਸੇ ਹੋਰ ਵਿਅਕਤੀ ਨਾਲ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨਾ ਜਾਂ ਇਮਤਿਹਾਨ ਦੌਰਾਨ ਜਾਂ ਉਸ ਦੇ ਸੰਬੰਧ ਵਿੱਚ ਅਣਅਧਿਕਾਰਤ ਸਮੱਗਰੀ ਦੀ ਵਰਤੋਂ ਕਰਨਾ
- **ਸਾਹਿਤਕ ਚੋਰੀ** – ਕਿਸੇ ਹੋਰ ਦੇ ਸ਼ਬਦਾਂ, ਵਿਚਾਰਾਂ ਜਾਂ ਡੇਟਾ ਦੀ ਬਿਨ੍ਹਾਂ ਸਵੀਕਾਰੇ ਵਰਤੋਂ ਕਰਨਾ ਭਾਵੇਂ ਸਰੋਤ (ਲਿਖਤਾਂ, ਇੰਟਰਨੈਟ, ਆਦਿ) ਕੋਈ ਵੀ ਹੋਵੇ; ਕਿਸੇ ਹੋਰ ਵਿਅਕਤੀ ਦੁਆਰਾ ਤਿਆਰ ਕੀਤੇ ਕੰਮ ਨੂੰ ਜਮ੍ਹਾਂ ਕਰਾਊਣਾ ਅਤੇ ਇਸ ਨੂੰ ਆਪਣੇ ਕੰਮ ਵਜੋਂ ਪੇਸ਼ ਕਰਨਾ; ਇੱਕੋ ਅਕਾਦਮਿਕ ਮੁਲਾਂਕਣ ਜਾਂ ਇਸਦੇ ਹਿੱਸੇ ਨੂੰ ਇੱਕ ਤੋਂ ਵੱਧ ਵਾਰ ਜਮ੍ਹਾਂ ਕਰਨਾ
- **ਮਨਘੜੰਤ ਬਿਰਤਾਂਤ** – ਕਾਲਪਨਿਕ ਜਾਣਕਾਰੀ ਦੀ ਜਾਣਬੁੱਝ ਕੇ ਵਰਤੋਂ ਜਾਂ ਖੋਜ ਜਾਂ ਹੋਰ ਸਿੱਟਿਆਂ ਦੀ ਗਲਤਬਿਆਨੀ
- **ਦਸਤਾਵੇਜ਼ਾਂ ਦੀ ਜਾਅਲਸਾਜ਼ੀ ਜਾਂ ਗਲਤਬਿਆਨੀ** – ਮੈਡੀਕਲ ਨੋਟਸ, ਅਕਾਦਮਿਕ ਰਿਕਾਰਡ ਜਾਂ ਟ੍ਰਾਂਸਕ੍ਰਿਪਟ, ਜਾਂ ਕਿਸੇ ਅਰਜ਼ੀ ਫਾਰਮ ਸਮੇਤ ਅਕਾਦਮਿਕ ਮਾਮਲਿਆਂ ਦੇ ਸਬੰਧ ਵਿੱਚ ਯੂਨੀਵਰਸਿਟੀ ਦੁਆਰਾ ਲੋੜੀਂਦੇ ਕਿਸੇ ਵੀ ਦਸਤਾਵੇਜ਼ ਨੂੰ ਜਾਅਲੀ ਤੌਰ 'ਤੇ ਪੂਰਾ ਕਰਨਾ, ਬਦਲਣਾ ਜਾਂ ਗਲਤਬਿਆਨੀ ਕਰਨਾ
- **ਧੋਖਾ** – ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨਾ ਜਾਂ ਗਲਤ ਲਾਭ ਪ੍ਰਾਪਤ ਕਰਨ ਲਈ ਜਾਣਕਾਰੀ ਨੂੰ ਛੱਡਣਾ
- **ਅਖੰਡਤਾ ਦੀ ਉਲੰਘਣਾ ਕਰਨ ਵਿੱਚ ਕਿਸੇ ਹੋਰ ਵਿਦਿਆਰਥੀ ਦੀ ਮਦਦ ਕਰਨਾ** - ਕਿਸੇ ਹੋਰ ਵਿਦਿਆਰਥੀ ਨੂੰ ਇਮਤਿਹਾਨ ਦੇ ਜਵਾਬ ਦੇਖਣ ਦੀ ਇਜਾਜ਼ਤ ਦੇਣਾ; ਅਕਾਦਮਿਕ ਮੁਲਾਂਕਣ ਜਾਂ ਆਨਲਾਈਨ ਪੋਸਟਿੰਗ 'ਤੇ ਕਿਸੇ ਹੋਰ ਦੀ ਜਗ੍ਹਾ ਲੈਣਾ ਜਾਂ ਜਗ੍ਹਾ ਲੈਣ ਲਈ ਸਹਿਮਤ ਹੋਣਾ; ਕਿਸੇ ਹੋਰ ਵਿਦਿਆਰਥੀ ਦੀ ਜਾਅਲੀ ਦਸਤਾਵੇਜ਼ ਨੂੰ ਬਣਾਉਣ ਵਿੱਚ ਮਦਦ ਕਰਨਾ; ਜਾਂ ਕਿਸੇ ਹੋਰ ਅਖੰਡਤਾ ਦੀ ਉਲੰਘਣਾ ਵਿੱਚ ਕਿਸੇ ਹੋਰ ਵਿਦਿਆਰਥੀ ਦੀ ਸਹਾਇਤਾ ਕਰਨਾ
- **ਮਿਲੀਭੁਗਤ/ਅਣਅਧਿਕਾਰਤ ਸਹਿਯੋਗ** – ਕਿਸੇ ਅਕਾਦਮਿਕ ਮੁਲਾਂਕਣ 'ਤੇ ਜਿਸ ਨੂੰ ਵਿਅਕਤੀਗਤ ਤੌਰ 'ਤੇ ਪੂਰਾ ਕਰਨ ਦੀ ਲੋੜ ਹੈ, ਇੰਸਟ੍ਰਕਟਰ ਦੇ ਅਧਿਕਾਰ ਤੋਂ ਬਿਨਾਂ ਕਿਸੇ ਵਿਦਿਆਰਥੀ ਜਾਂ ਵਿਦਿਆਰਥੀਆਂ ਨਾਲ ਮਿਲ ਕੇ ਕੰਮ ਕਰਨਾ
- **ਕਾਪੀਰਾਈਟ ਦੀ ਉਲੰਘਣਾ** - ਅਕਾਦਮਿਕ ਮੁਲਾਂਕਣ ਦੀ ਤਿਆਰੀ ਵਿੱਚ, ਕੈਨੇਡੀਅਨ ਕਾਪੀਰਾਈਟ ਐਕਟ ਜਾਂ ਯੂਨੀਵਰਸਿਟੀ ਦੀ ਕਾਪੀਰਾਈਟ ਦੀ ਪਾਲਣਾ ਨਾਲ ਸੰਬੰਧਿਤ ਕਿਸੇ ਨੀਤੀ ਦੇ ਪ੍ਰਾਵਧਾਨਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਾ

**ਅਕਾਦਮਿਕ ਸਫਲਤਾ ਲਈ ਵਿਦਿਆਰਥੀ ਸਰੋਤ:**

1. ਅਕਾਦਮਿਕ ਅਖੰਡਤਾ ਟਿਊਟੋਰਿਅਲ ਨਾਲ ਜਾਣ-ਪਛਾਣ: ਤੁਸੀਂ ਅਕਾਦਮਿਕ ਅਖੰਡਤਾ ਬਾਰੇ ਇਸ ਸਰੋਤ ਤੱਕ ਇਸ ਲਿੰਕ ਰਾਹੀਂ ਪਹੁੰਚ ਕਰ ਸਕਦੇ ਹੋ: https://www.kpu.ca/academicintegrity/introduction-to-academic-integrity. ਜੇਕਰ ਤੁਸੀਂ ਪਹਿਲਾਂ ਹੀ ਇਹ ਟਿਊਟੋਰਿਅਲ ਪੂਰਾ ਕਰ ਲਿਆ ਹੈ, ਤਾਂ ਤੁਹਾਨੂੰ ਇਸਨੂੰ ਦੁਹਰਾ ਕੇ ਆਪਣੇ ਗਿਆਨ ਨੂੰ ਤਾਜ਼ਾ ਕਰਨਾ ਚਾਹੀਦਾ ਹੈ।

2. KPU ਲਰਨਿੰਗ ਸੈਂਟਰ: ਸਫਲਤਾ ਲਈ ਅਕਾਦਮਿਕ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ ਲਰਨਿੰਗ ਸੈਂਟਰ ਸਾਰੇ ਵਿਦਿਆਰਥੀਆਂ ਦਾ ਸਮਰਥਨ ਕਰਦੇ ਹਨ ਅਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹਨਾਂ ਸੇਵਾਵਾਂ ਵਿੱਚ ਆਨ-ਲਾਈਨ ਸਹਾਇਤਾ ਅਤੇ ਸਰੋਤ, ਵਿਅਕਤੀਗਤ ਟਿਊਸ਼ਨ, ਅਤੇ ਕਈ ਤਰ੍ਹਾਂ ਦੀਆਂ ਉਪਯੋਗੀ ਵਰਕਸ਼ਾਪਾਂ ਸ਼ਾਮਲ ਹਨ। ਤੁਸੀਂ ਇਸ ਲਿੰਕ ਰਾਹੀਂ ਹੋਰ ਜਾਣ ਸਕਦੇ ਹੋ ਅਤੇ ਅਪਾਇੰਟਮੈਂਟ ਬੁੱਕ ਕਰ ਸਕਦੇ ਹੋ: https://www.kpu.ca/learningcentres. ਮੈਂ ਤੁਹਾਨੂੰ ਆਪਣੇ ਅਕਾਦਮਿਕ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਲਈ ਇੱਕ ਲਰਨਿੰਗ ਸੈਂਟਰ ਨਾਲ ਅਪਾਇੰਟਮੈਂਟ ਬੁੱਕ ਕਰਨ ਲਈ ਉਤਸ਼ਾਹਿਤ ਕਰਦਾ/ਕਰਦੀ ਹਾਂ।

3. ਅਕਾਦਮਿਕ ਸਲਾਹ: KPU ਦੇ ਅਕਾਦਮਿਕ ਸਲਾਹਕਾਰ ਕੋਰਸ ਅਤੇ ਪ੍ਰੋਗਰਾਮ ਦੀ ਯੋਜਨਾਬੰਦੀ, ਗ੍ਰੈਜੂਏਸ਼ਨ ਲਈ ਲੋੜਾਂ, ਅਤੇ ਹੋਰ ਬਹੁਤ ਕੁਝ ਬਾਰੇ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹਨ। https://www.kpu.ca/advising

4. ਕਾਉਂਸਲਿੰਗ ਸੇਵਾਵਾਂ: KPU ਵਿਦਿਆਰਥੀ ਜੀਵਨ ਦੇ ਦਬਾਅ ਅਤੇ ਤਣਾਅ ਦਾ ਪ੍ਰਬੰਧਨ ਕਰਨ ਲਈ ਸਾਰੇ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ। ਤੁਸੀਂ ਇਸ ਲਿੰਕ ਰਾਹੀਂ ਇਹਨਾਂ ਮਹੱਤਵਪੂਰਨ ਸੇਵਾਵਾਂ ਬਾਰੇ ਹੋਰ ਜਾਣ ਸਕਦੇ ਹੋ: https://www.kpu.ca/counselling.

5. KPU ਦਾ 24/7 ਵਿਦਿਆਰਥੀ ਸਹਾਇਤਾ ਪ੍ਰੋਗਰਾਮ – keep.meSAFE ਦੁਆਰਾ ਮੇਰਾ SSP: ਇਹ ਮਾਨਸਿਕ ਸਿਹਤ ਵਿਦਿਆਰਥੀ ਸਹਾਇਤਾ ਪ੍ਰੋਗਰਾਮ ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤ ਦਿਨ ਉਪਲਬਧ ਹੈ, ਅਤੇ ਇਸ ਨੂੰ KPU ਅਤੇ keep.meSAFE ਦੁਆਰਾ ਤਿਆਰ ਕੀਤਾ ਗਿਆ ਸੀ। ਵਿਦਿਆਰਥੀਆਂ ਕੋਲ ਬਹੁ-ਭਾਸ਼ਾਈ ਸਲਾਹਕਾਰਾਂ ਤੱਕ ਪਹੁੰਚ ਹੁੰਦੀ ਹੈ ਜੋ ਕਈ ਚਿੰਤਾਵਾਂ ਨੂੰ ਹੱਲ ਕਰਨ ਲਈ ਤੁਰੰਤ ਸਹਾਇਤਾ ਅਤੇ ਰੈਫਰਲ ਪ੍ਰਦਾਨ ਕਰ ਸਕਦੇ ਹਨ। ਐਪ ਡਾਊਨਲੋਡ ਕਰੋ ਜਾਂ 1.844.451.9700 'ਤੇ ਕਾਲ ਕਰੋ। ਇਸ ਸਹਾਇਤਾ ਪ੍ਰੋਗਰਾਮ ਬਾਰੇ ਇਸ ਲਿੰਕ ਰਾਹੀਂ ਹੋਰ ਜਾਣੋ: https://kpu.ca/keepmesafe

6. ਕਵਾਂਟਲੇਨ ਸਟੂਡੈਂਟ ਐਸੋਸੀਏਸ਼ਨ (KSA) ਪੀਅਰ ਸਪੋਰਟ ਰਿਸੋਰਸ ਸੈਂਟਰ: ਵਿਦਿਆਰਥੀ ਦੀ ਅਗਵਾਈ ਵਾਲੀ ਇਹ ਪਹਿਲਕਦਮੀ KPU ਕਮਿਊਨਿਟੀ ਦੇ ਅੰਦਰ ਸਰਵੋਤਮ ਮਾਨਸਿਕ ਸਿਹਤ ਅਤੇ ਸੰਪੂਰਨ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀ ਹੈ। ਉਹ ਇੱਕ-ਨਾਲ-ਇੱਕ ਸਾਥੀ ਸਹਾਇਤਾ ਸੇਵਾਵਾਂ, ਕੁਝ ਸੇਵਾਵਾਂ ਲਈ ਰੈਫਰਲ, ਚੈਟਰਬਾਕਸ, ਅਤੇ ਮਾਨਸਿਕ ਸਿਹਤ ਸਮਾਗਮਾਂ ਦੀ ਪੇਸ਼ਕਸ਼ ਕਰਦੇ ਹਨ। ਤੁਸੀਂ ਇਸ ਲਿੰਕ ਰਾਹੀਂ ਇਸ ਪਹਿਲ ਬਾਰੇ ਹੋਰ ਜਾਣ ਸਕਦੇ ਹੋ: https://www.kusa.ca/ksa-peer-support